# ਚੰਗੀ ਗੱਲ ਮੰਨੋ

ਇਕ ਪਿੰਡ ਵਿੱਚ ਇਕ ਧੋਬੀ ਰਹਿੰਦਾ ਸੀ। ਧੋਬੀ ਕੋਲ ਗਧਾ ਸੀ ਜੋ ਕੀ ਸਾਰਾ ਦਿਨ ਧੋਬੀ ਦਾ ਭਾਰ ਢੋਂਦਾ ਅਤੇ ਮਿਹਨਤ ਕਰਦਾ ਸੀ। ਸ਼ਾਮ ਵੇਲੇ ਧੋਬੀ ਆਪਣੇ ਗਧੇ ਨੂੰ ਆਪਣੇ ਬਾੜੇ ਵਿੱਚ ਘਾਹ ਚਰਨ ਲਈ ਛੱਡ ਦਿੰਦਾ। ਪਰ ਗਧਾ ਆਪਣੀ ਆਦਤ ਤੋਂ ਮਜ਼ਬੂਰ ਉਹ ਘਾਹ ਚਰਨ ਦੀ ਥਾਂ ਆਸੇ-ਪਾਸੇ ਕਿਸਾਨਾਂ ਦੇ ਖੇਤਾਂ ਵਿਚ ਚਲਾ ਜਾਂਦਾ ਅਤੇ ਢਿਡ ਭਰਕੇ ਸਬਜ਼ੀਆਂ ਅਤੇ ਹੋਰ ਫ਼ਸਲਾਂ ਨੂੰ ਖਾ ਜਾਂਦਾ ਕਈ ਵਾਰ ਉਹ ਫਸਲਾਂ ਨੂੰ ਖਰਾਬ ਵੀ ਕਰ ਦਿੰਦਾ।

ਰੋਜ਼-ਰੋਜ਼ ਆਪਣੀ ਸਬਜ਼ੀਆਂ ਅਤੇ ਫਸਲਾਂ ਨੂੰ ਖਰਾਬ ਹੂੰਦਾ ਵੇਖ ਕੇ ਖੇਤਾਂ ਦੇ ਮਾਲਕ ਬਹੁਤ ਪ੍ਰੇਸ਼ਾਨ ਹੁੰਦੇ, ਆਖਿਰ ਇਕ ਦਿਨ ਕੁਝ ਜ਼ਿੰਮੀਦਾਰਾਂ ਨੇ ਧੋਬੀ ਨੂੰ ਤਾੜਨਾ ਕੀਤੀ। ਵੇਖ ਭਾਈ ਧੋਬੀ ! "ਤੂੰ ਸਾਡਾ ਚੰਗਾ ਗਵਾਂਢੀ ਹੈ, ਤੈਨੂੰ ਤੇ ਪਤਾ ਹੀ ਹੈ ਕੀ ਰੋਜ਼ ਰਾਤ ਨੂੰ ਸਾਡੀ ਫਸਲਾਂ ਅਤੇ ਸਬਜ਼ੀਆਂ ਪਸ਼ੂ ਖਰਾਬ ਕਰ ਜਾਂਦੇ ਹਨ, ਬਾਕੀ ਸਾਰਿਆਂ ਦੇ ਪਸ਼ੂ ਰਾਤ ਵੇਲੇ ਬੰਨੇ ਰਹਿੰਦੇ ਹਨ, ਸਿਰਫ ਤੇਰਾ ਗਧਾ ਹੀ ਖੁੱਲ੍ਹਾ ਰਹਿੰਦਾ ਹੈ, ਸਾਨੂੰ ਸ਼ੱਕ ਹੈ ਕੀ ਇਹ ਸਾਡੀਆਂ ਫਸਲਾਂ ਖਰਾਬ ਕਰਦਾ ਹੈ, ਭਾਈ ਨੂੰ ਇਸਨੂੰ ਬੰਨ ਕੇ ਰਖਿਆ ਕਰ"।

ਜ਼ਿੰਮੀਦਾਰਾਂ ਦੀ ਗੱਲ ਸੁਣ ਕੇ ਧੋਬੀ ਬੋਲਿਆ, "ਮੇਰਾ ਗਧਾ ਤਾਂ ਬਾੜੇ ਵਿੱਚ ਹੀ ਘੁੰਮਦਾ ਹੈ, ਇਹ ਬਾੜਾ ਛੱਡ ਕੇ ਕੀਤੇ ਨਹੀਂ ਜਾਂਦਾ"। ਧੋਬੀ ਨੇ ਉਹਨਾਂ ਦੀ ਗੱਲ ਨੂੰ ਅਣਗੋਲਿਆਂ ਕਰ ਦਿੱਤਾ।



ਇੱਕ ਰਾਤ ਗਧਾ ਆਪਣੇ ਘਾਹ ਚਰ ਰਿਹਾ ਸੀ ਤਾਂ ਇੱਕ ਲੂੰਮੜੀ ਖ਼ਰਗੋਸ਼ ਦਾ ਪਿੱਛਾ ਕਰਦੇ ਹੋਏ ਗਧੇ ਕੋਲ ਆ ਪਹੁੰਚੀ। ਲੂੰਮੜੀ ਨੂੰ ਵੇਖ ਕੇ ਗਧਾ ਹੱਸ ਕੇ ਬੋਲਿਆ, "ਹਾ..ਹਾ..ਹਾ.. ਹਾ.. ਤੈਨੂੰ ਭੋਜਨ ਲਈ ਕਿੰਨੀ ਭੱਜ ਦੋੜ ਕਰਨੀ ਪੈਂਦੀ ਹੈ? ਮੇਰੇ ਵੱਲ ਵੇਖ ਰੋਜ਼ ਰਾਤ ਨੂੰ ਭਰ ਭੇਟ ਭੋਜਨ ਖਾਂਦਾ ਹਾਂ" । ਗਧੇ ਦੀ ਗੱਲ ਸੁਣਕੇ ਲੂੰਮੜੀ ਬੋਲੀ, "ਭਰਾ ਤੂੰ ਕੀ ਖਾਂਦਾ ਹੈ? ਮੈਨੂੰ ਵੀ ਦੱਸ ਦੇ ਮੈਂ ਵੀ ਖਾ ਲਵਾਂਗੀ"। ਲੂੰਮੜੀ ਵੱਲ ਵੇਖ ਕੇ ਗਧਾ ਬੋਲਿਆ, "ਤੂੰ ਕੱਲ ਰਾਤ ਨੂੰ ਮੇਰੇ ਕੋਲ ਆ ਜਾ, ਮੈਂ ਤੈਨੂੰ ਵੀ ਭਰ ਪੇਟ ਭੋਜਨ ਕਰਾਵਾਂਗਾ"।

ਅਗਲੀ ਰਾਤ ਲੂੰਮੜੀ ਗਧੇ ਦੇ ਟਿਕਾਣੇ ਤੇ ਪੁੱਜ ਗਈ, ਹੁਣ ਗਧਾ ਆਪਣਾ ਬਾੜਾ ਟੱਪ ਕੇ ਲੂੰਮੜੀ ਨੂੰ ਨਾਲ ਲੈ ਕੇ ਕਿਸਾਨ ਦੇ ਸਬਜ਼ੀਆਂ ਵਾਲੇ ਖੇਤ ਵਿੱਚ ਪੁੱਜ ਗਿਆ। ਸਬਜ਼ੀਆਂ ਨੂੰ ਵੇਖ ਕੇ ਲੂੰਮੜੀ ਦੇ ਮੂੰਹ ਵਿਚ ਪਾਣੀ ਆ ਗਿਆ ਅਤੇ ਬੋਲੀ, "ਵਾਹ! ਕਿੰਨੀਆਂ ਸਾਰੀਆਂ ਸਬਜ਼ੀਆਂ, ਆਹ ਵੇਖ ਗਾਜ਼ਰਾਂ!! ਹਾਂ ਇੱਥੇ ਹੋਰ ਵੀ ਸਬਜ਼ੀਆਂ ਹਨ, ਮੈਂ ਤੇ ਅੱਜ ਗੋਬੀ ਖਾਂਵਾਗੀ ।

ਹੁਣ ਦੋਵੇਂ ਜਣੇ ਫਟਾਫਟ ਸਬਜ਼ੀਆਂ ਖਾਣ ਲੱਗੇ, ਢਿੱਡ ਭਰਨ ਤੋਂ ਬਾਅਦ ਗਧਾ ਆਪਣੇ ਟਿਕਾਣੇ ਤੇ ਵਾਪਸ ਆ ਗਿਆ। ਲੂੰਮੜੀ ਅਤੇ ਗਧੇ ਦੀ ਦੋਸਤੀ ਪੱਕੀ ਹੋ ਗਈ, ਹੁਣ ਦੋਵੇਂ ਜਣੇ ਰੋਜ਼ ਰਾਤ ਨੂੰ ਮਿਲ ਕੇ ਖੇਤਾਂ ਵਿੱਚ ਜਾਂਦੇ ਅਤੇ ਸਬਜ਼ੀਆਂ ਦਾ ਖੂਬ ਅਨੰਦ ਮਾਣਦੇ।

ਇੱਕ ਰਾਤ ਗਧਾ ਅਤੇ ਲੂੰਮੜੀ ਤਰਬੂਜ਼ ਦੇ ਖੇਤ ਵਿਚ ਚਰ ਰਹੇ ਸੀ। ਤਰਬੂਜ਼ ਬਹੁਤ ਮਿੱਠੇ ਸਨ, ਤਰਬੂਜ਼ ਖਾ ਕੇ ਗਧੇ ਦਾ ਮਨ ਬਹੁਤ ਖੁਸ਼ ਹੋਇਆ, ਅਤੇ ਲੂੰਮੜੀ ਨੂੰ ਕਹਿਣ ਲੱਗਾ, "ਦੋਸਤ! ਅੱਜ ਮੇਰਾ ਦਿਲ ਕਰ ਰਿਹਾ ਹੈ, ਕਿ ਮੈਂ ਕੁਝ ਗਾਵਾਂ ਕਿਉਂਕਿ ਅੱਜ ਮੇਰਾ ਮਨ ਬਹੁਤ ਖੁਸ਼ ਹੈ।"



SikhVille

ਗਧੇ ਦੀ ਇਹ ਗੱਲ ਸੁਣ ਕੇ ਲੂੰਮੜੀ ਘਬਰਾ ਕੇ ਕਹਿਣ ਲਗੀ, "ਨਾ ਭਰਾ! ਕਿਰਪਾ ਕਰਕੇ ਇੰਞ ਨਾ ਕਰੀਂ, ਗਾਣਾ ਨਾ ਗਾਵੀਂ, ਤੇਰੀ ਅਵਾਜ਼ ਬਹੁਤ ਬੇਸੁਰੀ ਤੇ ਉਚੀ ਹੈ"। ਤੇਰੀ ਅਵਾਜ਼ ਸੁਣ ਕੇ ਖੇਤਾਂ ਦਾ ਮਾਲਕ ਜਾਗ ਜਾਵੇਗਾ ਅਤੇ ਸਾਨੂੰ ਦੋਹਾਂ ਨੂੰ ਮਾਰੇਗਾ। ਪਰ ਗਧੇ ਨੇ ਲੂੰਮੜੀ ਦੀ ਗੱਲ ਅਣਗੋਲਿਆਂ ਕਰ ਦਿੱਤੀ, ਅਤੇ ਇਹ ਕਹਿ ਕੇ ਗਾਉਣਾ ਸ਼ੁਰੂ ਕਰ ਦਿੱਤਾ ਕਿ ਤੂੰ ਮੇਰੀ ਮਿੱਠੀ ਅਵਾਜ਼ ਤੋਂ ਈਰਖਾ ਕਰਦੀ ਹੈਂ। ਗਧਾ ਖੁਸ਼ੀ ਦੇ ਮਾਰੇ ਅਸਮਾਨ ਵੱਲ ਮੂੰਹ ਕਰਕੇ ਉਚੀ-ਉਚੀ ਗਾਉਣ ਲੱਗ ਪਿਆ।

ਗਧੇ ਦੀ ਅਵਾਜ਼ ਸੁਣ ਕੇ ਖੇਤ ਦਾ ਮਾਲਕ ਜਾਗ ਗਿਆ.... ਉਠੋ ਪੁੱਤਰੋ.. ਅੱਜ ਆਪਣੇ ਖੇਤਾਂ ਦਾ ਚੋਰ ਫੜਿਆ ਗਿਆ, ਕਿਸਾਨ ਅਤੇ ਉਹਦੇ ਪੁੱਤਰਾਂ ਨੇ ਫਟਾਫਟ ਡਾਂਗਾਂ, ਸੋਟੇ ਲੈ ਕੇ ਖੇਤਾਂ ਵੱਲ ਭੱਜ ਪਏ। ਲੋਕਾਂ ਨੂੰ ਅਉਂਦਾ ਵੇਖ ਲੂੰਮੜੀ ਛਾਲ ਮਾਰ ਕੇ ਝੱਟ ਖੇਤਾਂ ਵਿੱਚੋਂ ਭੱਜ ਗਈ। ਪਰ ਗਧਾ ਆਪਣੇ ਗਾਉਣ ਵਿੱਚ ਮਸਤ ਰਿਹਾ।

ਕਿਸਾਨ ਨੇ ਗਧੇ ਨੂੰ ਫੜ ਬਹੁਤ ਮਾਰਿਆ ਗਧਾ ਫੱਟੜ ਹੋ ਕੇ ਗੋਲੀ ਵਾਂਗ ਖੇਤਾਂ ਵਿੱਚੋ ਜਾਨ ਬਚਾ ਕੇ ਭੱਜਿਆ। ਹਾਏ ਰੱਬਾ! ਮਰ ਗਿਆ। ਕਾਸ਼! ਮੈਂ ਆਪਣੇ ਦੋਸਤ ਦੀ ਚੰਗੀ ਗੱਲ ਮੰਨ ਲੈਂਦਾ... ਗਧਾ ਹੁਣ ਆਪਣੇ ਦੋਸਤ ਦੀ ਕੀਮਤੀ ਸਲਾਹ ਨਾ ਮੰਨਣ ਉਤੇ ਪਛਤਾ ਰਿਹਾ ਸੀ।

ਸਿੱਖਿਆ- ਚੰਗੀ ਗੱਲ ਨੂੰ ਸੁਣ ਕੇ ਜ਼ਰੂਰ ਮੰਨੋ...... ਨਹੀਂ ਤਾਂ ਪਛਤਾਉਣਾ ਪੈਂਦਾ ਹੈ ।



SikhVille